# ਜਨਰਲ ਸਕਿੱਲਡ ਮਾਈਗ੍ਰੇਸ਼ਨ ਵਿੱਚ ਪਿੱਛੇ ਜਿਹੇ ਕੀਤੀਆਂ ਤਬਦੀਲੀਆਂ

**ਮੌਜੂਦਾ ਅਤੇ ਸਾਬਕਾ ਵਿਦਿਆਰਥੀ ਵੀਜ਼ਾ ਧਾਰਕਾਂ ਲਈ ਜਾਣਕਾਰੀ**

ਫ਼ਰਵਰੀ 2010 ਵਿੱਚ, ਆਸਟਰੇਲੀਆ ਦੀ ਸਰਕਾਰ ਨੇ ਜਨਰਲ ਸਕਿੱਲਡ ਮਾਈਗ੍ਰੇਸ਼ਨ ਪ੍ਰੋਗਰਾਮ ਵਿੱਚ ਅਨੇਕਾਂ ਤਬਦੀਲੀਆਂ ਦਾ ਐਲਾਨ ਕੀਤਾ ਸੀ। ਇਨ੍ਹਾਂ ਤਬਦੀਲੀਆਂ ਵਿੱਚ ਮਾਈਗ੍ਰੇਸ਼ਨ ਔਕਯੂਪੇਸ਼ਨ ਇਨ ਡਿਮਾਂਡ ਲਿਸਟ ਦਾ ਕੱਢਣਾ ਅਤੇ ਨਵੀਂ ਸਕਿੱਲਡ ਔਕਯੂਪੇਸ਼ਨ ਸੂਚੀ ਜਾਰੀ ਕਰਨਾ ਸ਼ਾਮਲ ਸਨ।

ਇਹ ਤਬਦੀਲੀਆਂ ਪਿਛਲੇ ਕਿਸੇ ਸਮੇਂ ਤੋਂ ਲਾਗੂ ਨਹੀਂ ਕੀਤੀਆਂ ਗਈਆਂ ਹਨ। ਜਿਸ ਕਿਸੇ ਨੇ ਜਨਰਲ ਸਕਿੱਲਡ ਮਾਈਗ੍ਰੇਸ਼ਨ ਵੀਜ਼ਾ ਲਈ ਅਰਜ਼ੀ ਇਨ੍ਹਾਂ ਤਬਦੀਲੀਆਂ ਦੇ ਐਲਾਨ ਤੋਂ ਪਹਿਲਾਂ ਦਰਜ ਕੀਤੀ ਹੋਈ ਸੀ, ਤਾਂ ਉਸ ਦੀ ਅਰਜ਼ੀ ਦਾ ਮੁਲੰਕਣ ਪੁਰਾਣੀ ਸਕਿੱਲਡ ਔਕਯੂਪੇਸ਼ਨ ਸੂਚੀ ਦੇ ਆਧਾਰ ’ਤੇ ਕੀਤਾ ਜਾਵੇਗਾ।

ਇਨ੍ਹਾਂ ਤਬਦੀਲੀਆਂ ਵਿੱਚ ਉਚਿਤ ਪਰਿਵਰਤਨਾਤਮਕ ਵਿਵਸਥਾਵਾਂ ਵੀ ਸ਼ਾਮਲ ਹਨ, ਜੋ ਕਿ ਮੌਜੂਦਾ ਅਤੇ ਸਾਬਕਾ ਵਿਦਿਆਰਥੀਆਂ ਲਈ ਵੀ ਲਾਗੂ ਕਰ ਦਿੱਤੀਆਂ ਗਈਆਂ ਹਨ। ਇਹ ਪਰਿਵਰਤਨਾਤਮਕ ਵਿਵਸਥਾਵਾਂ 2012 ਦੇ ਅੰਤ ਤੱਕ ਲਾਗੂ ਰਹਿਣਗੀਆਂ।

- ਇਹ ਉਨ੍ਹਾਂ ਨੂੰ ਪੁਰਾਣੀ ਸਕਿੱਲਡ ਔਕਯੂਪੇਸ਼ਨ ਸੂਚੀ ਦੇ ਅਧਾਰ ਤੇ ਪਰਮਾਨੈਂਟ ਜਨਰਲ ਸਕਿੱਲਡ ਮਾਈਗ੍ਰੇਸ਼ਨ ਵੀਜ਼ਾ ਦੀ ਅਰਜ਼ੀ ਦਰਜ ਕਰਨ ਲਈ ਇਜਾਜ਼ਤ ਦਿੰਦੀਆਂ ਹਨ, ਜਿਨ੍ਹਾਂ ਕੋਲ 8 ਫ਼ਰਵਰੀ 2010 ਨੂੰ ਪੁਰਾਣੀ ਸਕਿੱਲਡ ਅਕੂਪੇਸ਼ਨ ਸੂਚੀ ਦੇ ਆਧਾਰ ਉਤੇ ਟੈਂਪਰੇਰੀ ਸਕਿੱਲਡ ਗਰੈਜੁਏਟ ਵੀਜ਼ਾ ਸਬਕਲਾਸ 485 ਸੀ ਜਾਂ ਉਨ੍ਹਾਂ ਨੇ ਇਸ ਲਈ ਅਰਜੀ ਦਰਜ ਕੀਤੀ ਹੋਈ ਸੀ।

- ਇਹ ਉਨ੍ਹਾਂ ਨੂੰ ਵੀ ਪ੍ਰਵਾਨਗੀ ਦਿੰਦੀਆਂ ਹਨ, ਜੋ ਪੁਰਾਣੀ ਸਕਿੱਲਡ ਔਕਯੂਪੇਸ਼ਨ ਸੂਚੀ ਦੇ ਆਧਾਰ ਉਤੇ ਟੈਂਪਰੇਰੀ ਸਕਿੱਲਡ ਗਰੈਜੁਏਟ ਵੀਜ਼ਾ ਸਬਕਲਾਸ 485 ਵਾਸਤੇ ਇਨ੍ਹਾਂ ਤਬਦੀਲੀਆਂ ਦੇ 8 ਫ਼ਰਵਰੀ 2010 ਨੂੰ ਐਲਾਨੇ ਜਾਣ ਸਮੇਂ ਸਟੂਡੈਂਟ ਵੀਜ਼ਾ ਲਈ ਯੋਗ ਬਣ ਗਏ ਸਨ। ਯੋਗ ਸਟੂਡੈਂਟ ਵੀਜ਼ਾ ਸਬਕਲਾਸਾਂ 572, 573 ਅਤੇ 574 ਹਨ।

ਇਹ ਟੈਂਪਰੇਰੀ ਸਕਿੱਲਡ ਗਰੈਜੁਏਟ ਵੀਜ਼ਾ ਸਬਕਲਾਸ 485, 18 ਮਹੀਨਿਆਂ ਦੇ ਸਮੇਂ ਲਈ ਰਹਿਣ ਦੀ ਪ੍ਰਵਾਨਗੀ ਦਿੰਦਾ ਹੈ ਅਤੇ ਇਸ ਵੀਜ਼ਾ ਧਾਰਕ ਨੂੰ ਆਸਟਰੇਲੀਆ ਵਿੱਚ ਕੰਮ ਕਰਨ ਜਾਂ ਪੜ੍ਹਾਈ ਕਰਨ ਦੀ ਇਜਾਜ਼ਤ ਹੁੰਦੀ ਹੈ।
ਇਹ ਵਿਵਸਥਾਵਾਂ ਮੌਜੂਦਾ ਅਤੇ ਸਾਬਕਾ ਵਿਦਿਆਰਥੀਆਂ ਨੂੰ ਹੋਰ ਵੀਜ਼ਾ ਵਿਕਲਪਾਂ ਦਾ ਲਾਭ ਉਠਾਉਣ ਦਾ ਵੀ ਮੌਕਾ ਮੁਹੱਈਆ ਕਰਵਾਉਂਦੀਆਂ ਹਨ।
ਜਨਰਲ ਸਕਿੱਲਡ ਮਾਈਗ੍ਰੇਸ਼ਨ ਤੋਂ ਇਲਾਵਾ, ਹੋਰ ਵੀਜ਼ਾ ਵਿਕਲਪ ਐਂਪਲਾਇਅਰ ਔਰ ਸਟੇਟ/ਟੈਰੀਟੋਰੀ ਸਪਾਂਸਰਸ਼ਿੱਪ ਜਾਣੀ ਮਾਲਕ ਜਾਂ ਸੂਬਾ/ਸੰਘੀ ਸਰਕਾਰ ਦੀ ਸਪਾਂਸਰਸ਼ਿਪ ਰਾਹੀਂ ਉਪਲਬਧ ਹੋ ਸਕਦੇ ਹਨ। ਹੋਰ ਵੀਜ਼ਾ ਵਿਕਲਪਾਂ ਬਾਰੇ ਜਾਣਕਾਰੀ ਵਿਭਾਗ ਦੀ ਵੈਬਸਾਈਟ ਉਤੇ ਵੇਖੀ ਜਾ ਸਕਦੀ ਹੈ।
**ਵੇਖੋ:** Employer Sponsored Workers

ਇਥੇ ਇਹ ਸਮਝਣਾ ਬਹੁਤ ਹੀ ਮਹੱਤਵਪੂਰਣ ਹੈ ਕਿ ਭਾਵੇਂ ਵੀਜ਼ਾ ਵਿਕਲਪ ਮੌਜੂਦ ਹਨ, ਪਰ ਹੋਰ ਅਗਲੇਰੇ ਵੀਜ਼ਾ ਦੀ ਕੋਈ ਗਰੰਟੀ ਵੀ ਨਹੀਂ ਦਿੱਤੀ ਜਾ ਸਕਦੀ। ਅਗਲੇਰਾ ਵੀਜ਼ਾ ਮਨਜ਼ੂਰ ਹੋਣਾ ਇਸ ਗੱਲ ’ਤੇ ਨਿਰਭਰ ਕਰਦਾ ਹੈ ਕਿ ਕੋਈ ਵਿਅਕਤੀਗਤ ਬਿਨੈਕਾਰ ਉਸ ਵੀਜ਼ਾ ਦੀਆਂ ਉਨ੍ਹਾਂ ਨਿਰਧਾਰਤ ਸ਼ਰਤਾਂ ਨੂੰ ਪੂਰਿਆਂ ਕਰਦਾ ਹੈ, ਜੋ ਅਰਜ਼ੀ ਦੇਣ ਸਮੇਂ ਲਾਗੂ ਹੋਣਗੀਆਂ।
ਇਨ੍ਹਾਂ ਲਾਗੂ ਤਬਦੀਲੀਆਂ ਅਤੇ ਪਰਿਵਰਤਨਾਤਮਕ ਵਿਵਸਥਾਵਾਂ ਬਾਰੇ ਜਾਣਕਾਰੀ ਇਮੀਗ੍ਰੇਸ਼ਨ ਅਤੇ ਨਾਗਰਿਕਤਾ ਵਿਭਾਗ ਦੀ ਵੈਬਸਾਈਟ ’ਤੇ ਉਪਲਬਧ ਹਨ।
**ਵੇਖੋ:** Recent Changes in General Skilled Migration

ਇਨ੍ਹਾਂ ਤਬਦੀਲੀਆਂ ਬਾਰੇ ਕਿਸੇ ਵੀ ਤਰ੍ਹਾਂ ਦੀ ਪੁੱਛਗਿੱਛ ਲਈ ਇਨਕੁਆਇਰੀ ਲਾਈਨ 1300 735 683 ਵੀ ਸਥਾਪਤ ਕੀਤੀ ਗਈ ਹੈ। ਜੇ ਤੁਸੀਂ ਇਸ ਵੇਲੇ ਆਸਟਰੇਲੀਆ ਵਿੱਚ ਹੋ ਅਤੇ ਤੁਹਾਨੂੰ ਵਿਭਾਗ ਨਾਲ ਇਨ੍ਹਾਂ ਤਬਦੀਲੀਆਂ ਬਾਰੇ ਵਿਚਾਰ ਵਟਾਂਦਰੇ ਲਈ ਸਹਾਇਤਾ ਦੀ ਲੋੜ ਹੈ, ਤਾਂ ਅਨੁਵਾਦ ਅਤੇ ਦੁਭਾਸ਼ੀਆ ਸੇਵਾ (TIS National) ਵਿਭਾਗ ਨਾਲ ਗੱਲਬਾਤ ਕਰਨ ਵਿੱਚ ਸਹਾਇਤਾ ਲਈ ਅੰਗਰੇਜ਼ੀ ਨਾ ਬੋਲਣ ਜਾਂ ਸਮਝਣ ਵਾਲਿਆਂ ਵਾਸਤੇ ਦੁਭਾਸ਼ੀਆ ਤੇ ਅਨੁਵਾਦ ਦੀਆਂ ਸੇਵਾਵਾਂ ਮੁਹੱਈਆ ਕਰਵਾਉਂਦੀ।

ਇੱਕ ਦੁਭਾਸ਼ੀਏ ਦੀ ਫ਼ੋਨ ਉਤੇ ਵਰਤੋਂ ਲਈ।
**ਟੈਲੀਫ਼ੋਨ:** 131 450